# ਅਦਾਲਤ ਵਿਚ ਜਾਣਾ –
# ਤੁਹਾਡੇ ਵਾਸਤੇ ਜਾਣਕਾਰੀ

**Punjabi**



ਇਹ ਹੋਮ ਆਫ਼ਸ ਕਮਯੂਨਿਕੇਸ਼ਨ ਡਾਇਰੈਕਟਰੇਟ ਨੇ ਮਾਰਚ 2004 ਵਿਚ ਪ੍ਰਕਾਸ਼ਿਤ ਕੀਤਾ ਹੈ
Home Office Communication Directorate

# ਵਿਸ਼ਾ–ਸੂਚੀ

ਤੁਹਾਨੂੰ ਕਿਸੇ ਜੁਰਮ ਦਾ ਦੋਸ਼ੀ ਠਹਰਾਇਆ ਗਿਆ ਹੈ, ਅਤੇ ਹੁਣ ਤੁਹਾਨੂੰ ਅਦਾਲਤ ਵਿਚ ਹਜ਼ਰ ਹੋਣਾ ਪਵੇਗਾ। ਅੱਗੇ ਹੁਣ ਕੀ ਹੋਣਾ ਹੈ ਇਸ ਨਾਲ ਤੁਹਾਨੂੰ ਜਾਣੂ ਕਰਾਉਣ ਵਿਚ ਇਹ ਕਿਤਾਬਚਾ ਤੁਹਾਡੀ ਮਦਦ ਕਰੇਗਾ। ਇਹ ਤੁਹਾਨੂੰ ਹੇਠ ਉਤੇ ਜਾਣਕਾਰੀ ਪ੍ਦਾਨ ਕਰਦਾ ਹੈ।


**01** ਤੁਹਾਡੀ ਹੁਣ ਕੀ ਸਥਿਤੀ ਹੈ

**02** ਸਾਲਿਸਟਰ ਦੀ ਭਾਲ ਕਰਨੀ

**03** ਜੇਕਰ ਤੁਸੀਂ ਅਦਾਲਤ ਵਿਚ ਨਹੀਂ ਪੇਸ਼ ਹੁੰਦੇ ਤਾਂ ਉਦੋ ਕੀ ਹੋਵੇਗਾ

**04** ਜੇਕਰ ਤੁਸੀਂ ਅਦਾਲਤ ਵਿਚ ਪੇਸ਼ ਨਹੀਂ ਹੋ ਸਕਦੇ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ

**05** ਅਦਾਲਤ ਵਿਚ ਜਾਣ ਤੋਂ ਪਹਿਲਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ

**06** ਅਦਾਲਤ ਵਿਚ ਪਹੁੰਚਣ ਤੇ

**07** ਵਖਰੀ ਤਰ੍ਹਾਂ ਦੀਆਂ ਅਦਾਲਤਾਂ ਅਤੇ ਕੌਣ ਕੌਣ ਹੈ

**08** ਅਦਾਲਤ ਦੀ ਪ੍ਕਿਰਿਆ

**09** ਵਧੇਰੇ ਜਾਣਕਾਰੀ

**10** ਅਪਾਂਇੰਟਮੰਟ ਡਾਇਰੀ

**11** ਸੰਪਰਕ ਕਰਨ ਦਾ ਵੇਰਵਾ


ਫ਼ੋਲਡਰ ਸੈਕਸ਼ਨ ਦਾ ਪਿਛਲਾ ਕਵਰ ਤੁਹਾਨੂੰ ਸਥਾਨਕ ਜਾਣਕਾਰੀ ਵੀ ਪ੍ਦਾਨ ਕਰਦਾ ਹੈ ਅਤੇ ਉਹ ਵੇਰਵਾ ਵੀ ਦਿੰਦਾ ਹੈ ਜਿਹੜਾ ਤੁਹਾਡੇ ਲਈ ਵਿਸ਼ੇਸ਼ ਹੋਵੇ।

# 01 ਤੁਹਾਡੀ ਹੁਣ ਕੀ ਸਥਿਤੀ ਹੈ



- ਪੁਲਸ ਨੇ ਤੁਹਾਨੂੰ ਜੁਰਮ ਕਰਨ ਦੇ ਦੋਸ਼ ਵਿਚ ਫੜਿਆ ਹੈ ਅਤੇ ਉਨ੍ਹਾਂ ਨੇ ਤੁਹਾਨੂੰ ਚਾਰਜ ਸ਼ੀਟ ਵੀ ਦਿਤੀ ਹੋਵੇਗੀ ਜਿਹੜੀ ਦੱਸਦੀ ਹੈ ਕਿ ਤੁਸੀਂ ਕਿਸ ਜੁਰਮ ਦੇ ਦੋਸ਼ੀ ਹੋ।
- ਤੁਹਾਨੂੰ ਸ਼ਾਇਦ ਪੁਲਸ ਬੇਲ ਮਿਲ ਗਈ ਹੋਵੇਗੀ ਜਾਂ, ਜੇਕਰ ਬੇਲ ਨਾ-ਮਨਜ਼ੂਰ ਕਰ ਦਿਤੀ ਗਈ ਹੈ, ਤੁਹਾਨੂੰ ਹਿਰਾਸਤ ਵਿਚ ਰੱਖਿਆ ਜਾਵੇਗਾ ਜੱਦ ਤੱਕ ਅਦਾਲਤ ਵਿਚ ਤੁਹਾਡੀ ਪਹਿਲੀ ਪੇਸ਼ੀ ਨਹੀਂ ਹੁੰਦੀ।
- ਤੁਹਾਡੀ ਬੇਲ ਸ਼ੀਟ ਤੁਹਾਨੂੰ ਉਹ ਥਾਂ, ਤਰੀਕ ਅਤੇ ਵੱਕਤ ਦੱਸੇਗੀ ਜਦੋਂ ਤੁਸੀਂ ਅਦਾਲਤ ਵਿਚ ਪੇਸ਼ ਹੋਣਾ ਹੈ। ਇਹ ਤੁਹਾਡੀ ਆਉਣ ਵਾਲੀਆਂ ਕਈ ਅਦਾਲਤੀ ਪੇਸ਼ੀਆਂ ਦੀ ਪਹਿਲੀ ਪੇਸ਼ੀ ਹੋਵੇਗੀ, ਇਹ ਜਰੂਰੀ ਨਹੀਂ ਕਿ ਸਾਰਿਆਂ ਉਸੇ ਅਦਾਲਤ ਵਿਚ ਹੋਣ।
- ਸਾਲਿਸਟਰ (ਇਸ ਨੂੰ ਵਕੀਲ ਵੀ ਕਿਹਾ ਜਾਂਦਾ ਹੈ) ਨਾਲ ਗੱਲ ਕਰਨ ਦਾ ਤੁਹਾਡਾ ਹੱਕ ਹੈ ਜਿਹੜਾ ਤੁਹਾਨੂੰ ਸਲਾਹ ਦਵੇਗਾ ਅਤੇ ਤੁਹਾਨੂੰ ਤੁਹਾਡੇ ਮੁਕੱਦਮੇ ਦੇ ਦੌਰਾਨ ਸਾਰੀ ਪ੍ਰਕਿਰਿਆ ਬਾਰੇ ਦੱਸਦਾ ਰਵੇਗਾ।



# 02 ਸਾਲਿਸਟਰ ਦੀ ਭਾਲ ਕਰਨੀ

ਸਾਲਿਸਟਰ ਤੁਹਾਡੇ ਵਾਸਤੇ ਕਾਫ਼ੀ ਲਾਭਦਾਇਕ ਹੋਵੇਗਾ ਕਿਉਂਕਿ ਉਹ :

- ਤੁਹਾਨੂੰ ਇਹ ਸਮਝਣ ਵਿਚ ਮਦਦ ਕਰ ਸਕਦਾ ਹੈ ਕਿ ਕੀ ਹੋ ਰਿਹਾ ਹੈ ਅਤੇ ਤੁਹਾਨੂੰ ਕਿਸ ਜੁਰਮ ਦਾ ਦੋਸ਼ੀ ਠਹਰਾਇਆ ਗਿਆ ਹੈ ;
- ਤੁਹਾਨੂੰ ਦੱਸ ਸਕਦਾ ਹੈ ਕਿ ਅਦਾਲਤ ਵਿਚ ਕੀ ਹੋਵੇਗਾ, ਅਤੇ ਤੁਹਾਨੂੰ ਕੀ ਕਰਨਾ ਹੈ ;
- ਕਿਸੇ ਵੀ ਕਾਨੂੰਨੀ ਸ਼ਬਦਾਵਲੀ ਨੂੰ ਸਮਝਾ ਸਕਦਾ ਹੈ, ਜਿਸ ਦਾ ਸਮਝ ਪੈਣਾ ਬਹੁਤ ਔਖਾ ਵੀ ਹੋ ਸਕਦਾ ਹੈ ;
- ਇਹ ਨਿਸ਼ਚਿਤ ਕਰਨ ਵਿਚ ਮਦਦ ਕਰ ਸਕਦਾ ਹੈ ਕਿ ਕੀ ਤੁਹਾਨੂੰ ਕਸੂਰਵਾਰ ਜਾਂ ਨਾ-ਕਸੂਰਵਾਰ ਦੀ ਦਲੀਲ ਦੇਣੀ ਚਾਹੀਦੀ ਹੈ ;
- ਤੁਹਾਡੀ ਤਰਫੋ ਬੋਲੇਗਾ ਅਤੇ ਤੁਹਾਡੀ ਸਫ਼ਾਈ ਪੇਸ਼ ਕਰੇਗਾ (ਮੈਜਿਸਟ੍ਰੇਟ ਕੋਰਟ ਕੇਸਾਂ ਦੇ ਵਿਚ, ਤੁਹਾਡਾ ਸਾਲਿਸਟਰ ਹੀ ਤੁਹਾਡੀ ਨੁਮਾਇੰਦਗੀ ਕਰਦਾ ਹੈ। ਕਰਾਊਨ ਕੋਰਟ ਕੇਸਾਂ ਦੇ ਵਿਚ ਤੁਹਾਡਾ ਸਾਲਿਸਟਰ ਤੁਹਾਨੂੰ ਇਕ ਐਡਵੋਕੇਟ ਲੱਭਕੇ ਦਵੇਗਾ ਜਿਹੜਾ ਤੁਹਾਡੀ ਨੁਮਾਇੰਦਗੀ ਕਰੇਗਾ। ਐਡਵੋਕੇਟ ਇਕ ਖਾਸ ਸਿਖਿਅਤ ਅਦਾਲਤੀ ਵਕੀਲ ਹੁੰਦੇ ਹਨ, ਜਿਹੜੇ ਜਾਂ ਤਾਂ ਸਾਲਿਸਟਰ ਜਾਂ ਬੈਰਿਸਟਰ ਹੁੰਦੇ ਹਨ) ;
- ਬੇਲ ਦੀਆਂ ਕੋਈ ਵੀ ਸ਼ਰਤਾਂ ਤੁਹਾਨੂੰ ਸਮਝਾ ਸਕਦਾ ਹੈ ਜਾਂ ਕੋਰਟ ਵਿਚ ਕੀਤੇ ਉਹ ਫ਼ੈਸਲੇ ਜਿਸ ਦਾ ਅਸਰ ਤੁਹਾਡੇ ਤੇ ਪੈਂਦਾ ਹੈ ; ਅਤੇ
- ਤੁਹਾਨੂੰ ਇਹ ਸਲਾਹ ਦੇ ਸਕਦਾ ਹੈ ਕਿ ਕੀ ਤੁਹਾਨੂੰ ਸਾਲਿਸਟਰ ਦੀ ਮਦਦ ਮੁਫ਼ਤ ਮਿਲ ਸਕਦੀ ਹੈ, ਅਤੇ ਪੂੰਜੀ ਵਾਸਤੇ ਅਰਜ਼ ਕਰਨ ਵਿਚ ਤੁਹਾਡੀ ਮਦਦ ਵੀ ਕਰ ਸਕਦਾ ਹੈ।



ਹੋ ਸਕਦਾ ਹੈ ਕਿ ਤੁਹਾਡੀ ਬੇਲ ਦੀ ਇਹ ਸ਼ਰਤ ਹੋਵੇ ਕਿ ਤੁਹਾਨੂੰ ਕਿਸੇ ਸਾਲਿਸਟਰ ਨਾਲ ਮਿਲਨਾ ਚਾਹੀਦਾ ਹੈ, ਜੇਕਰ ਅਜਿਹਾ ਹੈ, ਤਾਂ ਤੁਹਾਨੂੰ ਗਿਰਫ਼ਤਾਰ ਕੀਤਾ ਜਾ ਸਕਦਾ ਹੈ ਅਤੇ ਤੁਹਾਡੀ ਬੇਲ ਮੁੜ ਵਾਪਸ ਲੈ ਲਈ ਜਾਵੇਗੀ ਜੇ ਤੁਸੀਂ ਕਿਸੇ ਸਾਲਿਸਟਰ ਨਾਲ ਨਹੀਂ ਮਿਲਦੇ।

## ਸਾਲਿਸਟਰ ਦੀ ਭਾਲ ਕਿਵੇਂ ਕੀਤੀ ਜਾਵੇ

ਜੱਦ ਤੁਹਾਨੂੰ ਗਿਰਫ਼ਤਾਰ ਕੀਤਾ ਸੀ, ਪੁਲਸ ਨੇ ਤੁਹਾਨੂੰ ਕਿਸੇ ਕਾਨੂੰਨੀ ਨੁਮਾਇੰਦੇ ਜਾਂ ਡਊਟੀ ਸਾਲਿਸਟਰ ਦਾ ਵੇਰਵਾ ਦਿਤਾ ਹੋਵੇਗਾ। ਇਹ ਸੇਵਾ ਮੁਫ਼ਤ ਅਤੇ ਸੁਤੰਤਰ ਹੈ – ਉਹ ਵਿਅਕਤੀ ਪੁਲਸ ਨਾਲ ਕਿਸੇ ਵੀ ਤਰ੍ਹਾਂ ਜੁੜਿਆ ਨਹੀਂ ਹੈ। ਉਹ ਤੁਹਾਡੇ ਨਾਲ ਫ਼ੂਨ ਤੇ ਗੱਲ ਕਰ ਸਕਦੇ ਹਨ ਜਾਂ ਆਮਣੇ ਸਾਮਣੇ ਬੈਠ ਕੇ ਜੇਕਰ ਤੁਸੀਂ ਪੁਲਸ ਥਾਣੇ ਵਿਚ ਹੋ, ਅਤੇ ਬਹੁਤ ਵਾਰੀ ਉਹ ਕੋਰਟ ਦੀ ਪ੍ਰਕਿਰਿਆ ਵਿਚ ਤੁਹਾਡੀ ਨੁਮਾਇੰਦਗੀ ਵੀ ਕਰ ਦਿੰਦੇ ਹਨ।

ਜਾਂ, ਤੁਸੀਂ ਆਪਣੇ ਮੰਨ ਪਸੰਦ ਦਾ ਸਾਲਿਸਟਰ ਚੁਣ ਸਕਦੇ ਹੋ। ਤੁਹਾਡੇ ਪਰਿਵਾਰ ਦੇ ਸਦਸ ਜਾਂ ਤੁਹਾਡੇ ਦੋਸਤ ਉਸ ਸਾਲਿਸਟਰ ਦਾ ਨਾਂ ਦੇ ਸਕਦੇ ਜਿਹੜਾ ਉਨ੍ਹਾਂ ਨੇ ਵਰਤਿਆ ਹੋਵੇ, ਜਾਂ ਤੁਸੀਂ ਆਪਣੇ ਸਥਾਨਕ ਸਿਟੀਜ਼ਨ ਅਡਵਾਇਸ ਬਿਊਰੋ ਜਾ ਲੀਗਲ ਸਰਵਿਸਸ ਕਮਿਸ਼ਨ ਤੋਂ 0845 608 1122 ਤੇ ਜਾਂ www.justask.org.uk ਤੋਂ ਆਪਣੇ ਇਲਾਕੇ ਦੇ ਵਿਚ ਸਾਲਿਸਟਰਾਂ ਦੀ ਸੂਚੀ ਲੈ ਸਕਦੇ ਹੋ।

ਜੇਕਰ ਤੁਸੀਂ ਆਪਣੀ ਪਹਿਲੀ ਅਦਾਲਤੀ ਪੇਸ਼ੀ ਤੋਂ ਪਹਿਲਾਂ ਕਿਸੇ ਸਾਲਿਸਟਰ ਨਾਲ ਗੱਲ ਨਹੀਂ ਕੀਤੀ ਹੈ, ਤਾਂ ਤੁਸੀਂ ਅਦਾਲਤ ਦੇ ਡਿਊਟੀ ਸਾਲਿਸਟਰ ਨਾਲ ਗੱਲ ਕਰ ਸਕਦੇ ਹੋ। ਉਹ ਤੁਹਾਡੀ ਅਦਾਲਤ ਵਿਚ ਨੁਮਾਇੰਦਗੀ ਵੀ ਕਰ ਸਕਦੇ ਹਨ, ਜਾਂ ਜਿਥੇ ਵੀ ਵਾਜਬ ਹੋਵੇ ਉਥੇ ਤੁਹਾਨੂੰ ਸਲਾਹ ਅਤੇ ਮਦਦ ਵੀ ਦੇ ਸਕਦੇ ਹਨ।

## ਕੀ ਤੁਹਾਨੂੰ ਪੈਸੇ ਦੇਣੇ ਪੈਣਗੇ?

ਤੁਹਾਨੂੰ ਸ਼ਾਇਦ ਆਪਣੇ ਸਾਲਿਸਟਰ ਦੀ ਸੇਵਾਵਾਂ ਦਾ ਖ਼ਰਚਾ ਦੇਣਾ ਪਵੇ ਜਾਂ ਹੋ ਸਕਦਾ ਹੈ ਕਿ ਇਹ ਤੁਹਾਡੇ ਲਈ ਮੁਫ਼ਤ ਹੋਵੇ। ਕੀ ਤੁਸੀਂ ਮੁਫ਼ਤ ਸਲਾਹ ਅਤੇ ਨੁਮਾਇੰਦਗੀ ਲਈ ਅਰਜ਼ੀ ਕਰ ਸਕਦੇ ਹੋ ਇਸ ਬਾਰੇ ਵਧੇਰੇ ਜਾਣਕਾਰੀ ਲਈ “ਕਰਿਮਨਲ ਡਿਫ਼ੈਨਸ ਸਰਵਿਸ ਐਟ ਦੀ ਪੁਲਿਸ ਸਟੇਸ਼ਨ ਐਂਡ ਇਨ ਕੋਰਟ” ਕਿਤਾਬਚਾ ਵੇਖੋ ਜਿਹੜਾ ਹੋ ਸਕਦਾ ਹੈ ਕਿ ਇਸ ਕਿਤਾਬਚੇ ਦੇ ਫ਼ੋਲਡਰ ਸੈਕਸ਼ਨ ਦੇ ਵਿਚ ਹੋਵੇ ਜਾਂ ਆਪਣੇ ਸਾਲਿਸਟਰ ਨੂੰ ਵਧੇਰੇ ਜਾਣਕਾਰੀ ਲਈ ਪੁਛੋ।



# 03 ਜੇਕਰ ਤੁਸੀਂ ਅਦਾਲਤ ਵਿਚ ਨਹੀਂ ਪੇਸ਼ ਹੁੰਦੇ ਤਾਂ ਉਦੋ ਕੀ ਹੋਵੇਗਾ

| ! | **ਤੁਸੀਂ ਜੋ ਵੀ ਕਰੋ, ਪਰ ਇਹ ਪੱਕਾ ਕਰੋ ਕਿ ਤੁਸੀਂ ਅਦਾਲਤ ਦੇ ਵਿਚ ਪਹੁੰਚੋ ਅਤੇ ਜੇਕਰ ਤੁਹਾਨੂੰ ਲੱਗਦਾ ਹੋਵੇ ਕਿ ਇਹ ਕਰਨ ਵਿਚ ਤੁਹਾਨੂੰ ਕੋਈ ਸਮੱਸਿਆ ਆ ਸਕਦੀ ਹੈ, ਆਪਣੇ ਸਾਲਿਸਟਰ ਜਾਂ ਅਦਾਲਤ ਨੂੰ ਦੱਸੋ।** |
|---|---|

ਅਦਾਲਤ ਇਹ ਫ਼ੈਸਲਾ ਕਰਦੀ ਹੈ ਕਿ ਕੀ ਤੁਸੀਂ ਜੁਰਮ ਦੇ ਕਸੂਰਵਾਰ ਹੋ ਜਾਂ ਨਹੀਂ। ਤੁਹਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਸਹੀ ਸਮੇਂ ਤੇ ਅਦਾਲਤ ਵਿਚ ਜਾਵੋਂ, ਜਦ ਵੀ ਤੁਹਾਨੂੰ ਉਥੇ ਪਹੁਚਣ ਲਈ ਕਿਹਾ ਗਿਆ ਹੋਵੇ।

ਅਦਾਲਤ ਵਿਚ ਨਾ ਪਹੁੰਚਣਾ (ਕਿਸੇ ਜਾਇਜ਼ ਕਾਰਨ ਤੋਂ ਬਿਨਾ) ਇਕ ਜੁਰਮ ਹੈ ਜਿਸ ਦੀ ਸਜ਼ਾ ੧੨ ਮਹੀਨੇ ਜੇਲ ਹੋ ਸਕਦੀ ਹੈ।

ਅਦਾਲਤ ਵਿਚ ਨਾ ਪਹੁੰਚਣ ਨਾਲ ਸਾਰਿਆਂ ਦਾ ਸਮਾਂ ਖ਼ਰਾਬ ਹੁੰਦਾ ਹੈ – ਅਦਾਲਤ, ਪੁਲਸ, ਗਵਾਹਾਂ, ਜੁਰਮ ਦੇ ਸ਼ਿਕਾਰ ਹੋਏ ਵਿਅਕਤੀਆਂ ਅਤੇ ਸਾਲਿਸਟਰਾਂ ਦਾ – ਅਤੇ ਇਸੇ ਕਾਰਨ ਵਾਸਤੇ ਅਦਾਲਤ ਇਹ ਬਹੁਤ ਸੰਜੀਦਾ ਸਮਝਦੀ ਹੈ।

ਜੇਕਰ ਤੁਸੀਂ ਅਦਾਲਤ ਵਿਚ ਨਹੀਂ ਪਹੁੰਚਦੇ ਅਤੇ ਨਾ ਹੀ ਸੁਣਵਾਈ ਤੋਂ ਪਹਿਲਾਂ ਤੁਸੀਂ ਇਸ ਦਾ ਕੋਈ ਵਾਜਿਬ ਕਾਰਣ ਦਿੰਦੇ ਹੋ, ਤਾਂ ਹੇਠ ਵਿਚੋਂ ਕੁਝ ਵੀ ਹੋ ਸਕਦਾ ਹੈ।

- ਤੁਹਾਡੀ **ਤਤਕਾਲ ਗਿਰਫ਼ਤਾਰੀ** ਵਾਸਤੇ ਵਰੰਟ ਜਾਰੀ ਕੀਤੇ ਜਾ ਸਕਦੇ ਹਨ ਅਤੇ ਤੁਹਾਨੂੰ ਹਿਰਾਸਤ ਵਿਚ ਰੱਖਿਆ ਜਾਵੇਗਾ ਤਾਂ ਕਿ ਤੁਹਾਨੂੰ ਅਦਾਲਤ ਵਿਚ ਪੇਸ਼ ਕੀਤਾ ਜਾ ਸਕੇ।
- ਇਹ ਨਿਰਭਰ ਕਰਦਾ ਹੈ ਕਿ ਤੁਹਾਨੂੰ ਕਿਸ ਜੁਰਮ ਦੇ ਦੋਸ਼ ਵਿਚ ਵੜਿਆ ਗਿਆ ਹੈ, ਤੁਹਾਡਾ ਮੁਕੱਦਮਾ **ਤੁਹਾਡੇ ਉਥੇ ਨਾ ਹੋਣ ਦੇ ਬਾਵਜੂਦ ਵੀ ਸੁਣਿਆ ਜਾ ਸਕਦਾ ਹੈ** – ਜਿਸ ਦਾ ਮਤਲਬ ਹੈ ਕਿ ਆਪਣੀ ਸਫ਼ਾਈ ਪੇਸ਼ ਕਰਨ ਦਾ ਮੌਕਾ ਤੁਹਾਨੂੰ ਨਹੀਂ ਮਿਲੇਗਾ।
- ਤੁਹਾਨੂੰ ਅਦਾਲਤ ਮੋਹਰੇ "ਨਾਂ ਪੇਸ਼ ਹੋਣ" ਦੇ ਦੋਸ਼ ਵਿਚ ਵੀ ਫੜਿਆ ਜਾ ਸਕਦਾ ਹੈ। **ਇਸ ਜੁਰਮ ਦੀ ਸਜਾ ਕਰਾਉਨ ਕੋਰਟ ਵਿਚ ਵੱਧ ਤੋਂ ਵੱਧ 12 ਮਹੀਨੇ** ਅਤੇ ਮੈਜਿਸਟ੍ਰੇਟ ਕੋਰਟ ਵਿਚ ਤਿੰਨ ਮਹੀਨੇ ਜੇਲ ਹੈ, ਜੇਕਰ ਤੁਸੀਂ ਮੁੱਢਲੇ ਜੁਰਮ ਦੇ ਨਾ-ਕਸੂਰਵਾਰ ਹੋ ਤਾਂ ਵੀ। ਜੇਕਰ ਤੁਹਾਨੂੰ ਦੋਵੇਂ ਜੁਰਮਾਂ ਦਾ ਕਸੂਰਵਾਰ ਮੰਨ ਲਿਆ ਜਾਂਦਾ ਹੈ ਤਾਂ ਹੋ ਸਕਦਾ ਹੈ ਕਿ ਤੁਹਾਨੂੰ ਹੋਰ ਵੀ ਕੜੀ ਸਜ਼ਾ ਮਿਲੇ।
- ਅਦਾਲਤ ਮੋਹਰੇ "ਨਾਂ ਪੇਸ਼ ਹੋਣ" ਦਾ ਇਹ ਦੋਸ਼ ਤੁਹਾਡੇ **ਜੁਰਮ-ਸੰਬੰਧੀ ਰਕਾਰਡ** ਵਿਚ ਵੀ ਨੋਟ ਕੀਤਾ ਜਾਵੇਗਾ ਅਤੇ ਇਸ ਦਾ ਅਸਰ ਭਵਿੱਖ ਵਿਚ ਹੋਣ ਵਾਲੇ ਫੈਸਲੇ ਕਿ ਕੀ ਤੁਹਾਨੂੰ ਬੇਲ ਦਿਤੀ ਜਾਵੇ ਜਾਂ ਨਹੀਂ ਤੇ ਵੀ ਪੈ ਸਕਦਾ ਹੈ।
- ਹੋ ਸਕਦਾ ਹੈ ਕਿ ਤੁਹਾਨੂੰ **ਉਨੀ ਦੇਰ ਤੱਕ ਹਿਰਾਸਤ ਵਿਚ ਰੱਖਿਆ ਜਾਵੇ ਜੱਦ ਤੱਕ ਤੁਹਾਡਾ ਮੁਕੱਦਮਾ ਖ਼ਤਮ ਨਹੀਂ ਹੋ ਜਾਂਦਾ**।
- ਹੋ ਸਕਦਾ ਹੈ ਕਿ ਤੁਸੀਂ **ਸਜ਼ਾ ਤੇ ਮਿਲਣ ਵਾਲੀ ਕਿਸੇ ਵੀ ਰਿਆਇਤ** ਤੋਂ ਵੰਚਿਤ ਕਰ ਦਿਤੇ ਜਾਵੋਂ। ਜੇਕਰ ਤੁਸੀਂ ਆਪਣਾ ਕਸੂਰ ਮੰਨਣਾ ਚਾਹੁੰਦੇ ਹੋ ਤਾਂ ਇਹ ਮੁਕੱਦਮੇ ਦੇ ਮੁਡਲੇ ਪੈੜ ਤੇ ਕਰੋ, ਇਹ ਕਰਨ ਨਾਲ ਤੁਹਾਨੂੰ ਘੱਟ ਸਖ਼ਤ ਸਜ਼ਾ ਵੀ ਮਿਲ ਸਕਦੀ ਹੈ। ਅਦਾਲਤ ਵਿਚ ਪੇਸ਼ ਨਾ ਹੋਕੇ ਤੁਸੀ ਆਪਣੀ ਦਲੀਲ ਦਾ ਇਹ ਮੌਕਾ ਗਵਾ ਸਕਦੇ ਹੋ।

ਜੇਕਰ ਤੁਸੀਂ ਅਦਾਲਤ ਵਿਚ ਆਉਂਦੇ ਹੋ ਪਰ ਕਿਸੇ ਕਾਰਨ ਤੁਹਾਨੂੰ ਉਥੋਂ ਜਾਣਾ ਪੈ ਜਾਂਦਾ ਹੈ, ਅਤੇ ਜੱਦ ਤੁਹਾਡੀ ਸੁਣਵਾਈ ਦੀ ਵਾਰੀ ਆਉਦੀ ਹੈ ਤਾਂ ਤੁਸੀਂ ਉਥੇ ਨਹੀਂ ਹੋ, ਅਦਾਲਤ ਉਦੋਂ ਵੀ ਇਓਂ ਹੀ ਕਾਰਵਾਈ ਕਰੇਗੀ।



## 04 ਜੇਕਰ ਤੁਸੀਂ ਅਦਾਲਤ ਵਿਚ ਪੇਸ਼ ਨਹੀਂ ਹੋ ਸਕਦੇ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ

- ਜੇਕਰ ਤੁਸੀ ਕਿਸੇ ਸੰਕਟ ਵਾਲੀ ਸਥਿਤੀ ਵਿਚ ਆ ਜਾਂਦੇ ਹੋ, ਤਾਂ ਤੁਸੀਂ ਜਿਸ ਅਦਾਲਤ ਵਿਚ ਪੇਸ਼ ਹੋਣਾ ਹੈ ਉਸ ਨਾਲ ਜ਼ਰੂਰ ਸੰਪਰਕ ਕਰੋ (ਅਤੇ ਆਪਣੇ ਸਾਲਿਸਟਰ ਨਾਲ ਜੇਕਰ ਤੁਸੀਂ ਇਕ ਕੀਤਾ ਹੈ)। ਤੁਹਾਨੂੰ ਇਹ ਜਿਨਾ ਵੀ ਜਲਦੀ ਹੋ ਸਕੇ ਕਰਨਾ ਚਾਹੀਦਾ ਹੈ, ਜੇਕਰ ਮੁਮਕਿਨ ਹੈ ਤਾਂ ਸੁਣਵਾਈ ਦੀ ਤਰੀਕ ਤੋਂ ਪਹਿਲਾਂ।
- ਜੇਕਰ ਤੁਸੀਂ ਅਦਾਲਤ ਵਿਚ ਕਿਸੇ ਵੀ ਡਾਕਟਰੀ ਕਾਰਨ ਕਰਕੇ ਨਹੀਂ ਪਹੁੰਚ ਸਕਦੇ ਤਾਂ ਤੁਹਾਨੂੰ ਆਪਣੇ ਡਾਕਟਰ ਜਾਂ ਹਸਪਤਾਲ ਕੋਲੋਂ ਡਾਕਟਰੀ ਸਰਟੀਫ਼ਿਕੇਟ ਲੈਣਾ ਪਵੇਗਾ ਜਿਸ ਵਿਚ ਇਹ ਕਿਹਾ ਹੋਵੇ ਕਿ ਤੁਸੀਂ ਅਦਾਲਤ ਵਿਚ ਪਹੁਚਣ ਦੇ ਅਯੋਗ ਸੀ।
- ਅਦਾਲਤ ਤੁਹਾਡੇ ਨਾ ਪਹੁੰਚਣ ਦੇ ਕਾਰਣ ਤੇ ਵਿਚਾਰ ਕਰੇਗੀ। ਤੁਹਾਨੂੰ ਚਾਹੀਦਾ ਹੈ ਕਿ ਤੁਸੀ ਅਦਾਲਤ ਨੂੰ ਜਿਨੀ ਵੀ ਜ਼ਿਆਦਾ ਜਾਣਕਾਰੀ ਦੇ ਸੱਕਦੇ ਹੋ ਦਵੋ ਜਿਹੜੀ ਇਹ ਸਿੱਧ ਕਰ ਸਕੇ ਕਿ ਤੁਹਾਡੀ ਗੈਰਹਾਜ਼ਰੀ ਨਾ-ਟਾਲਣਯੋਗ ਸੀ।
- **ਜੇਕਰ ਤੁਸੀ ਅਦਾਲਤ ਵਿਚ ਨਹੀਂ ਜਾ ਸਕਦੇ, ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਅਦਾਲਤ ਜਾਂ ਪੁਲਸ ਥਾਣੇ ਜਿਨੀ ਜੱਲਦੀ ਹੋ ਸਕੇ ਜਾਵੋ। ਹੋ ਸਕਦਾ ਹੈ ਕਿ ਤੁਹਾਡਾ ਕੋਈ ਚੰਗਾ ਕਾਰਨ ਹੋਵੇ ਜਿਸ ਕਰਕੇ ਤੁਸੀਂ ਅਦਾਲਤ ਵਿਚ ਨਹੀਂ ਪਹੁੰਚ ਸਕੇ, ਪਰ ਇਹ ਫਿਰ ਵੀ ਇਕ ਜੁਰਮ ਹੈ ਜੇ ਤਸੀਂ ਜੱਲਦੀ ਤੋਂ ਜਲਦੀ ਇਥੇ ਨਹੀ ਜਾਂਦੇ।**



## 05 ਅਦਾਲਤ ਵਿਚ ਜਾਣ ਤੋਂ ਪਹਿਲਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ



- ਇਹ ਪੱਕਾ ਪਤਾ ਕਰੋ ਕੇ ਤੁਸੀ ਕਿਹੜੀ ਕਚੈਹਿਰੀ ਵਿਚ ਜਾਣਾ ਹੈ। ਹੋ ਸਕਦਾ ਹੈ ਕਿ ਅਦਾਲਤੀ-ਕਮਰਾ ਜਿਥੇ ਤੁਸੀਂ ਹੁਣ ਪੇਸ਼ ਹੋਣਾ ਹੈ ਉਹ ਜਿਥੇ ਤੁਸੀਂ ਪਹਿਲਾ ਗਏ ਸੀ ਉਸ ਤੋਂ ਭਿੰਨ ਹੋਵੇ।
- ਇਹ ਪੱਕਾ ਕਰੋ ਕਿ ਤੁਹਾਨੂੰ ਪਤਾ ਹੈ ਕਿ ਕਚੈਹਿਰੀਆਂ ਵਿਚ ਕਿਵੇਂ ਪਹੁੰਚਣਾ ਹੈ। ਤੁਸੀਂ ਕਚਹਿਰੀਆਂ ਨੂੰ ਫ਼ੂਨ ਵੀ ਕਰ ਸਕਦੇ ਹੋ, ਜਿਸ ਦਾ ਨੰਬਰ ਤੁਹਾਡੀ ਸਥਾਨਕ ਫ਼ੂਨ-ਬੁਕ ਦੇ ਵਿਚ ਹੋਵੇਗਾ, ਅਤੇ ਉਹ ਤੁਹਾਨੂੰ ਪਬਲਿਕ ਟਰਾਂਸਪ੍ਰੋਟ ਉਤੇ ਨਿਰਦੇਸ਼ਨ ਅਤੇ ਵਧੇਰੇ ਜਾਣਕਾਰੀ ਦੇ ਸਕਦੇ ਹਨ। ਤੁਹਾਡਾ ਸਾਲਿਸਟਰ ਵੀ ਤੁਹਾਨੂੰ ਇਹ ਜਾਣਕਾਰੀ ਦੇ ਸਕਦਾ ਹੈ।
- ਉਥੇ ਸਮੇਂ ਤੋਂ ਕਾਫੀ ਪਹਿਲਾਂ ਪਹੁੰਚੋ। ਜੇਕਰ ਤੁਸੀਂ ਇਸ ਬਾਰੇ ਨਿਸ਼ਚਿਤ ਨਹੀਂ ਹੋ ਕਿ ਤੁਹਾਨੂੰ ਉਥੇ ਪਹੁੰਚਣ ਲਈ ਕਿਨੀ ਦੇਰ ਲੱਗੇਗੀ ਤਾਂ ਪਹਿਲਾਂ ਤੋਂ ਹੀ ਇਕ ਅਭਿਆਸ ਸਫ਼ਰ ਤਹਿ ਕਰੋ। ਜੇਕਰ ਤੁਸੀ ਬੱਸ ਜਾਂ ਟ੍ਰੇਨ ਦਾ ਇਸਤੇਮਾਲ ਕਰਨਾ ਹੈ ਤਾਂ ਇਹ ਪੱਕਾ ਕਰੋ ਕਿ ਤੁਹਾਨੂੰ ਉਸ ਦੇ ਟਾਈਮ-ਟੇਬਲ (ਸਮਾਂ-ਸਾਰਣੀ) ਦਾ ਪਤਾ ਹੈ ਅਤੇ ਕਿਸੇ ਵੀ ਬਦਲਾਵ ਬਾਰੇ ਜਾਂਚ ਕਰੋ, ਅਤੇ ਜਾਣ ਤੋਂ ਪਹਿਲਾਂ ਇਹ ਵੀ ਪੱਕਾ ਕਰੋ ਕਿ ਟਿਕਟ ਲੈਣ ਵਾਸਤੇ ਤੁਹਾਡੇ ਕੋਲ ਕਾਫੀ ਪੈਸੇ ਹਨ।
- ਆਪਣੇ ਸਾਲਿਸਟਰ ਨਾਲ ਸੰਪਰਕ ਕਰੋ ਜਿਹੜਾ ਤੁਹਾਨੂੰ ਇਹ ਸਮਝਣ ਵਿਚ ਮਦਦ ਕਰੇਗਾ ਕਿ ਕੀ ਹੋਣਾ ਹੈ ਅਤੇ ਤੁਸੀਂ ਕੀ ਉਮੀਦ ਰੱਖ ਸਕਦੇ ਹੋ।



# 06 ਅਦਾਲਤ ਵਿਚ ਪਹੁੰਚਣ ਤੇ



- ਆਪਣਾ ਰਸਤਾ ਲੱਭਣ ਲਈ ਤੁਹਾਨੂੰ ਸਾਫ਼ ਅਤੇ ਸਿਥੇ ਮਾਰਗ-ਦਰਸ਼ਕ ਮਿਲਣਗੇ। ਕਿਸੇ ਨੂੰ ਦੱਸੋ ਕੀ ਤੁਸੀਂ ਇਥੇ ਪਹੁੰਚ ਗਏ ਹੋ। ਰਿਸੈਪਸ਼ਨਿਸਟ ਜਾਂ ਅਸ਼ਰ (ਉਹ ਵਿਅਕਤੀ ਜਿਸਦਾ ਕੰਮ ਇਹ ਪੱਕਾ ਕਰਨਾ ਹੈ ਕਿ ਲੋਕ ਆ ਪਹੁੰਚੇ ਹਨ ਅਤੇ ਕਿਸ ਨੇ ਕਿਥੇ ਜਾਣਾ ਹੈ) ਨੂੰ ਆਪਣਾ ਨਾਂ ਦੱਸੋ। ਮਕੱਦਮੇ ਦੋਸ਼ੀ ਕਰਾਰ ਦੱਤੇ ਵਿਅਕਤੀ ਦੇ ਉਪਨਾਮ ਹੇਠ ਦਰਜ ਹੁੰਦੇ ਹਨ। ਮੁਕੱਦਮੇ ਦੋਸ਼ੀ ਕਰਾਰ ਦਿੱਤੇ ਵਿਅਕਤੀ ਦੇ ਉਪਨਾਮ ( ਜਿਸ ਨੂੰ ਪ੍ਰਤਿਵਾਦੀ ਵੀ ਕਿਹਾ ਜਾਂਦਾ ਹੈ) ਵਿਚ ਹੁੰਦੇ ਹਨ ਇਸ ਰੂਪ ਦੇ ਵਿਚ "ਆਰ ਵੀ ਪ੍ਰਤਿਵਾਦੀ (R v Defendant)" । ਆਰ ਦਾ ਮਤਲਬ ਰਿਜਾਇਨਾ ਹੈ, ਇਸ ਦਾ ਭਾਵ ਇਹ ਹੈ ਕਿ ਕਰਾਉਨ ਤੁਹਾਡੇ ਖਿਲਾਫ਼ ਪੈਰਵੀ ਕਰ ਰਿਹਾ ਹੈ।
- ਰਿਸੈਪਸ਼ਨਿਸਟ ਜਾਂ ਅਸ਼ਰ ਤੁਹਾਨੂੰ ਦੱਸੇਗਾ ਕਿ ਕਿਹੜੇ ਅਦਾਲਤੀ-ਕਮਰੇ ਵਿਚ ਤੁਹਾਡਾ ਮੁਕੱਦਮਾ ਸੁਣਿਆ ਜਾਵੇਗਾ ਅਤੇ ਤੁਹਾਨੂੰ ਕਿਥੇ ਇੰਤਜ਼ਾਰ ਕਰਨਾ ਚਾਹੀਦਾ ਹੈ। ਉਹ ਤੁਹਾਨੂੰ ਇਹ ਵੀ ਦੱਸਣਗੇ ਕਿ ਤੁਹਾਡੀ ਸੁਣਵਾਈ ਕੱਦ ਹੋਵੇਗੀ।
- ਜੇਕਰ ਤੁਹਾਡੀ ਨੁਮਾਇੰਦਗੀ ਤੁਹਾਡਾ ਸਾਲਿਸਟਰ ਕਰ ਰਿਹਾ ਹੈ, ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਉਨ੍ਹਾਂ ਨਾਲ ਮਿਲਣ ਦਾ ਪ੍ਰਬੰਧ ਕਰੋ। ਉਹ ਤੁਹਾਨੂੰ ਤੁਹਾਡੇ ਮੁਕੱਦਮੇ ਬਾਰੇ ਕੋਈ ਵੀ ਆਖਰੀ ਸਲਾਹ ਦੇ ਸਕਦੇ ਹਨ। ਕਈ ਕਚਹਿਰੀਆਂ ਵਿਚ ਗੁਪਤ ਜਾਂ ਗੁੱਝਾ ਖੇਤਰ ਹੁੰਦਾ ਹੈ ਜਿਥੇ ਤੁਸੀਂ ਆਪਣੇ ਸਾਲਿਸਟਰ ਨਾਲ ਗੱਲਬਾਤ ਕਰ ਸਕਦੇ ਹੋ।

  ਜੇਕਰ ਤੁਹਾਡੇ ਕੋਲ ਕੋਈ ਸਾਲਿਸਟਰ ਨਹੀਂ ਹੈ, ਕਚਹਿਰੀਆਂ ਵਿਚ ਡਿਊਟੀ ਸਾਲਿਸਟਰ ਵੀ ਹੁੰਦੇ ਹਨ ਜਿਹੜੇ ਤੁਹਾਡੇ ਨਾਲ ਗੱਲ ਬਾਤ ਕਰ ਸਕਦੇ ਹਨ।



- ਜੇਕਰ ਤੁਹਾਡੇ ਮੁਕੱਦਮੇ ਦੇ ਸ਼ੁਰੂ ਹੋਣ ਵਿਚ ਅਜੇ ਥੋੜਾ ਵੱਕਤ ਹੈ ਤਾਂ ਤੁਸੀਂ ਇੰਤਜ਼ਾਰ ਵਾਲੇ ਕਮਰੇ ਦਾ ਇਸਤਮਾਲ ਕਰ ਸਕਦੇ ਹੋ ਜਾਂ ਅਦਾਲਤ ਦੀ ਗੈਲਰੀ ਵਿਚ ਬੈਠ ਸਕਦੇ ਹੋ ਅਤੇ ਚੱਲ ਰਹੇ ਮੁਕੱਦਮਿਆਂ ਨੂੰ ਸੁਣ ਸਕਦੇ ਹੋ। ਜੇਕਰ ਤੁਸੀਂ ਇਸ ਤਰ੍ਹਾਂ ਕਰਦੇ ਹੋ ਤਾਂ ਅਸ਼ਰ ਨੂੰ ਜ਼ਰੂਰ ਦੱਸੋ ਕਿ ਤੁਸੀਂ ਕਿਥੇ ਜਾ ਰਹੇ ਹੋ।
- ਤੁਸੀਂ ਸ਼ਾਇਦ ਉਨ੍ਹਾਂ ਵਿਅਕਤੀਆਂ ਨੂੰ ਵੇਖੋਗੇ ਜਿਹੜੇ ਤੁਹਾਡੇ ਪੱਖ ਜਾਂ ਤੁਹਾਡੇ ਵਿਰੁਦ ਗਵਾਹੀ ਦੇਣ ਲਈ ਬੁਲਾਏ ਗਏ ਹਨ। ਤੁਸੀਂ, ਤੁਹਾਡਾ ਪਰਿਵਾਰ ਅਤੇ ਦੋਸਤ ਕਦੀ ਵੀ ਪੈਰਵੀਕਰਤਾ ਦੇ ਗਵਾਹਾਂ ਦੇ ਕੋਲ ਨਾ ਜਾਵੋ, ਕਿਉਂਕਿ ਇਸ ਨੂੰ ਧਮਕੀ ਜਾਂ ਡਰਾਵੇ ਦੇ ਭਾਵ ਵੱਜੋ ਵੀ ਵੇਖਿਆ ਜਾ ਸਕਦਾ ਹੈ (ਤੁਹਾਡਾ ਉਨ੍ਹਾਂ ਤੇ ਜ਼ੋਰ ਪਾਉਣਾ, ਉਨ੍ਹਾਂ ਨੂੰ ਧਮਕਾਉਣਾ ਜਾਂ ਉਹ ਅਦਾਲਤ ਵਿਚ ਕੀ ਕਹਿਣ ਜਾ ਰਹੇ ਹਨ ਇਸ ਤੇ ਅਸਰ ਪਾਉਣਾ)। ਗਵਾਹਾਂ ਨੂੰ ਤੰਗ ਕਰਨਾ ਇਕ ਬਹੁਤ ਸੰਗੀਨ ਜੁਰਮ ਹੈ ਅਤੇ ਇਸ ਦਾ ਅਸਰ ਤੁਹਾਡੇ ਮੁਕੱਦਮੇ ਤੇ ਵੀ ਪੈ ਸਕਦਾ ਹੈ।
- ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਕਚਹਿਰੀਆਂ ਤੋਂ ਨਾ ਜਾਵੋ ਕਿਉਂਕਿ ਇਸ ਨੂੰ ਜੁਰਮ ਵੀ ਕਰਾਰ ਦਿਤਾ ਜਾ ਸਕਦਾ ਹੈ, ਪਰ ਜੇਕਰ ਤੁਹਾਨੂੰ ਕਿਸੇ ਵੀ ਕਾਰਣ ਉਥੋਂ ਜਾਣਾ ਪੈ ਜਾਂਦਾ ਹੈ, ਤਾਂ ਅਸ਼ਰ ਨੂੰ ਜ਼ਰੂਰ ਦੱਸੋ। ਉਸ ਨੂੰ ਦੱਸੋ ਕਿ ਤੁਸੀਂ ਕਿਥੇ ਜਾ ਰਹੇ ਹੋ, ਅਤੇ ਜੇਕਰ ਤੁਹਾਡੀ ਲੋੜ ਕਚਹਿਰੀਆਂ ਵਿਚ ਪਵੇ ਤਾਂ ਤੁਹਾਡੇ ਨਾਲ ਕਿਵੇਂ ਸੰਪਰਕ ਕੀਤਾ ਜਾਵੇ।



# 07 ਵਖਰੀ ਤਰ੍ਹਾਂ ਦੀਆਂ ਅਦਾਲਤਾਂ ਅਤੇ ਕੌਣ ਕੌਣ ਹੈ

**ਇਥੇ ਤਿੰਨ ਤਰ੍ਹਾਂ ਦੀਆਂ ਅਦਾਲਤਾਂ ਹਨ ਜਿਨ੍ਹਾਂ ਵਿਚ ਤੁਹਾਨੂੰ ਬੁਲਾਇਆ ਜਾ ਸਕਦਾ ਹੈ।**

- **ਮੈਜਿਸਟ੍ਰੇਟ ਕੋਰਟ**
- **ਕਰਾਊਨ ਕੋਰਟ**
- **ਯੂਥ ਕੋਰਟ (ਇਹ ਮੈਜਿਸਟ੍ਰੇਟ ਕੋਰਟ ਵਿਚ ਹੀ ਸੰਗਠਿਤ ਕੀਤਾ ਜਾਂਦਾ ਹੈ)**

ਅਦਾਲਤ ਦੇ ਵਿਚ ਕੌਣ ਹੈ ਅਤੇ ਇਸ ਨੂੰ ਕਿਵੇਂ ਤਿਆਰ ਕੀਤਾ ਜਾਂਦਾ ਹੈ ਇਹ ਨਿਰਭਰ ਕਰਦਾ ਹੈ ਕਿਸ ਤਰ੍ਹਾਂ ਦੀ ਸੁਣਵਾਈ ਹੈ। ਪਹਿਲੀ ਸੁਣਵਾਈ ਵਾਸਤੇ, ਆਮ ਤੌਰ ਤੇ ਸਿਰਫ਼ ਮੈਜਿਸਟ੍ਰੇਟ, ਤੁਸੀਂ ਅਤੇ ਤੁਹਾਡਾ ਪ੍ਰਤਿਵਾਦ ਅਤੇ ਪੈਰਵੀ ਦਾ ਵਕੀਲ ਹੁੰਦੇ ਹਨ। ਜੇਕਰ ਤੁਹਾਡੇ ਮੁਕੱਦਮੇ ਦੀ ਆਜ਼ਮਾਇਸ਼ ਹੋਣੀ ਹੋਵੇ ਤਾਂ ਉਥੇ ਜਿਊਰੀ ਅਤੇ ਗਵਾਹ ਵੀ ਹੋ ਸਕਦੇ ਹਨ।

ਅਦਾਲਤ ਦਾ ਕਲਰਕ ਜਾਂ ਕਾਨੂੰਨੀ ਸਲਾਹਕਾਰ ਵੀ ਮੌਜੂਦ ਹੋਵੇਗਾ। ਉਹ ਇਹ ਪੱਕਾ ਕਰਦੇ ਹਨ ਕਿ ਉਹ ਸਾਰੇ ਵਿਅਕਤੀ ਜਿਹੜੇ ਅਦਾਲਤ ਵਿਚ ਹੋਣੇ ਚਾਹਿਦੇ ਹਨ ਉਹ ਉਥੇ ਹੋਣ, ਅਤੇ ਜੋ ਕੁਝ ਵੀ ਹੋਣਾ ਹੈ ਉਹ ਸਮੇਂ ਸਾਰ ਹੋ ਜਾਵੇ ਅਤੇ ਸਹੀ ਤਰੀਕੇ ਨਾਲ। ਇਹ ਦੇਖਣ ਲਈ ਕਿ ਹੋਰ ਮੁਕੱਦਮਿਆਂ ਵਿਚ ਕੀ ਹੋਇਆ ਹੈ ਉਹ ਜੇ ਚਾਹਵੇ ਤਾਂ ਰਕਾਰਡ ਵੀ ਦੇਖ ਸਕਦਾ ਜਾਂ ਸਕਦੀ ਹੈ, ਅਤੇ ਮੈਜਿਸਟ੍ਰੇਟ ਕੋਰਟਾਂ ਦੇ ਵਿਚ ਉਹ ਕਾਨੂੰਨੀ ਮੁਦਿਆਂ ਤੇ ਸਲਾਹ ਵੀ ਦੇ ਸਕਦਾ ਜਾਂ ਸਕਦੀ ਹੈ।

ਹੋਰ ਵਿਅਕਤੀ ਜਿਹੜੇ ਤੁਸੀਂ ਕਚਹਿਰੀਆਂ ਵਿਚ ਦੇਖਦੇ ਹੋ ਉਨ੍ਹਾਂ ਵਿਚ ਪੁਲਸ ਅਫ਼ਸਰ, ਪਰੋਬੇਸ਼ਨ ਅਫ਼ਸਰ, ਜੇਲ੍ਹ ਦੇ ਅਫ਼ਸਰ ਅਤੇ ਪੱਤਰਕਾਰ ਵੀ ਹੋ ਸਕਦੇ ਹਨ। ਯੂਥ ਕੋਰਟਸ ਦੇ ਵਿਚ, ਯੂਥ ਔਫ਼ੈਂਡੰਗ ਟੀਮ ਦੇ ਸਦਸ ਵੀ ਮੌਜੂਦ ਹੋ ਸਕਦੇ ਹਨ।

ਮੈਜਿਸਟ੍ਰੇਟ ਅਤੇ ਕਰਾਊਨ ਕੋਰਟ ਆਮ ਜਨਤਾ ਲਈ ਖੁਲ੍ਹੇ ਹੁੰਦੇ ਹਨ, ਇਨ੍ਹਾਂ ਵਿਚ ਸ਼ਾਮਲ ਕੇਸ ਨਾਲ ਜੁੜੇ ਵਿਅਕਤੀਆਂ ਦੇ ਰਿਸ਼ਤੇਦਾਰ ਅਤੇ ਦੋਸਤ ਵੀ ਹਨ, ਆਮ ਤੌਰ ਤੇ ਜਨਤਾ ਦੇ ਬੈਠਣ ਲਈ ਇਕ ਵੱਖ ਸੈਕਸ਼ਨ ਹੁੰਦਾ ਹੈ। ਯੂਥ ਕੋਰਟ ਦੇ ਵਿਚ ਆਮ ਜਨਤਾ ਦੇ ਸਦਸ ਸਿਰਫ਼ ਉਦੋਂ ਹੀ ਜਾ ਸਕਦੇ ਹਨ ਜੇਕਰ ਉਨ੍ਹਾਂ ਨੂੰ ਅਦਾਲਤ ਦੇ ਅਫ਼ਸਰਾਂ ਨੇ ਬੁਲਾਇਆ ਹੋਵੇ।



## ਮੈਜਿਸਟ੍ਰੇਟ ਕੋਰਟ

ਆਮ ਤੌਰ ਤੇ ਸਾਰੇ ਹੀ ਜੁਰਮ-ਸੰਬੰਧੀ ਮੁਕੱਦਮਿਆਂ ਨੂੰ ਪਹਿਲਾਂ ਮੈਜਿਸਟ੍ਰੇਟ ਕੋਰਟ ਦੇ ਵਿਚ ਹੀ ਆਜ਼ਮਾਇਆ ਜਾਂਦਾ ਹੈ। ਇਥੇ ਇਕ, ਦੋ ਜਾਂ ਤਿੰਨ ਮੈਜਿਸਟ੍ਰੇਟ ਹੋ ਸਕਦੇ ਹਨ (ਕਈ ਵਾਰੀ ਇਨ੍ਹਾਂ ਨੂੰ ਜਸਟਿਸ ਔਫ਼ ਪੀਸ ਜਾਂ ਜੇ-ਪੀ ਵੀ ਕਿਹਾ ਜਾਂਦਾ ਹੈ)। ਇਹ ਉਹ ਵਿਅਕਤੀ ਹਨ ਜਿਹੜੇ ਮੁਕੱਦਮੇ ਨੂੰ ਸੁਣਦੇ ਹਨ ਅਤੇ ਫਿਰ ਇਹ ਨਿਰਨੇ ਕਰਦੇ ਹਨ ਕਿ ਕੀ ਤੁਸੀਂ ਇਲਜ਼ਾਮ ਲਾਏ ਜੁਰਮ ਦੇ ਕਸੂਰਵਾਰ ਹੋ ਜਾਂ ਨਹੀਂ।




ਖੁਲਾਸਾ A ਗਵਾਹ B ਮੈਜਿਸਟ੍ਰੇਟ C ਅਦਾਲਤ ਦਾ ਕਲਰਕ
D ਪ੍ਰਤਿਵਾਦੀ ਅਤੇ ਪੈਰਵੀ ਕਰਤਾ ਦੇ ਵਕੀਲ
E ਅਦਾਲਤ ਦਾ ਅਸ਼ਰ F ਪ੍ਰਤਿਵਾਦ G ਬਾਕੀ ਦੇ

## ਕਰਾਉਨ ਕੋਰਟ

ਜੇਕਰ ਤੁਹਾਨੂੰ ਬਹੁਤ ਹੀ ਸੰਜੀਦਾ ਜੁਰਮ ਦਾ ਦੋਸ਼ੀ ਠਹਿਰਾਇਆ ਗਿਆ ਹੈ, ਜਿਊਰੀ ਦੇ ਸਾਹਮਣੇ ਤੁਹਾਡੀ ਆਜ਼ਮਾਇਸ਼ ਕਰਨ ਦਾ ਨਿਰਨੇ ਬਣਾਇਆ ਗਿਆ ਹੋਵੇ, ਜਾਂ ਸਜ਼ਾ ਵਾਸਤੇ ਸਪੁਰਦ ਕੀਤੇ ਗਏ ਹੋਵੋ, ਤਾਂ ਹੋ ਸਕਦਾ ਹੈ ਕਿ ਤੁਹਾਡੇ ਮੁਕੱਦਮੇ ਦੀ ਸੁਣਵਾਈ ਕਰਾਉਨ ਕੋਰਟ ਵਿਚ ਹੋਵੇ। ਕਰਾਉਨ ਕੋਰਟ ਦੇ ਵਿਚ ਸੁਣਵਾਈ ਜੱਜ ਅਤੇ ਜਿਊਰੀ ਦੇ ਸਾਹਮਣੇ ਹੁੰਦੀ ਹੈ।




ਖੁਲਾਸਾ A ਗਵਾਹ B ਜੱਜ C ਅਦਾਲਤ ਦਾ ਕਲਰਕ
D ਪ੍ਰਤਿਵਾਦੀ ਅਤੇ ਪੈਰਵੀ ਕਰਤਾ ਦੇ ਵਕੀਲ
E ਜਿਊਰੀ ਦੇ ਸਦਸ F ਪ੍ਰਤਿਵਾਦ

## ਯੂਥ ਕੋਰਟ

ਉਹ ਮੁਕੱਦਮੇ ਜਿਥੇ ਪ੍ਰਤਿਵਾਦ ਦੀ ਉਮਰ 10 ਤੋਂ 17 ਸਾਲ ਦੇ ਵਿਚਕਾਰ ਹੋਵੇ ਉਨ੍ਹਾਂ ਨੂੰ ਯੂਥ ਕੋਰਟ ਦੇ ਵਿਚ ਹੀ ਸੁਣਿਆ ਜਾਂਦਾ ਹੈ, ਇਕ ਬਹੁਤ ਸਿਖਿਅਤ ਮੈਜਿਸਟ੍ਰੇਟ ਨਾਲ ਅਤੇ ਬਿਨਾ ਕਿਸੇ ਜਿਊਰੀ ਤੋਂ।

ਤੁਸੀਂ ਯੂਥ ਕੋਰਟਾਂ ਅਤੇ ਨੌਜਵਾਨ ਵਿਅਕਤੀਆਂ ਦੇ ਨਾਲ ਜੁੜੇ ਕਿਸੇ ਵੀ ਮੁਦੇ ਉਤੇ ਵਧੇਰੇ ਜਾਣਕਾਰੀ www.rizer.co.uk ਤੋਂ ਪ੍ਰਾਪਤ ਕਰ ਸਕਦੇ ਹੋ।




ਖੁਲਾਸਾ A ਗਵਾਹ B ਮੈਜਿਸਟ੍ਰੇਟ C ਅਦਾਲਤ ਦਾ ਕਲਰਕ
D ਪ੍ਰਤਿਵਾਦੀ ਅਤੇ ਪੈਰਵੀ ਕਰਤਾ ਦੇ ਵਕੀਲ E ਪ੍ਰਤਿਵਾਦ
F ਮਾਤਾ ਪਿਤਾ G ਯੂਥ ਔਫੈਂਡਿੰਗ ਟੀਮ ਦਾ ਕਰਮਚਾਰੀ H ਅਸ਼ਰ



# 08 ਅਦਾਲਤ ਦੀ ਪ੍ਰਕਿਰਿਆ

ਅਦਾਲਤ ਦੇ ਵਿਚ ਤੁਹਾਨੂੰ ਪ੍ਰਤਿਵਾਦ ਦੇ ਨਾਂ ਨਾਲ ਜਾਣਿਆ ਜਾਵੇਗਾ। ਇਹ ਦੋਸ਼ੀ ਹੋਣ ਦਾ ਇਕ ਹੋਰ ਭਾਵ ਹੈ, ਅਤੇ ਇਸ ਦਾ ਮਤਲਬ ਇਹ ਹੈ ਕਿ ਜਿਹੜਾ ਦੋਸ਼ ਤੁਹਾਡੇ ਉਤੇ ਲਾਇਆ ਗਿਆ ਹੈ ਉਸ ਦਾ ਪ੍ਰਤਿਵਾਦ ਕਰਨ ਲਈ ਤੁਸੀਂ ਉਥੇ ਹੋ। ਤੁਹਾਡੇ ਸਾਲਿਸਟਰ ਨੂੰ ਪ੍ਰਤਿਵਾਦ ਦੇ ਸਾਲਿਸਟਰ ਦੇ ਨਾਂ ਨਾਲ ਜਾਣਿਆ ਜਾਵੇਗਾ।

ਦੂਸਰੇ ਪਾਸੇ ਪੈਰਵੀ ਕਰਤਾ ਹਨ। ਆਮ ਤੌਰ ਤੇ ਇਹ ਕਰਾਊਨ ਪਰੋਸਿਕਿਊਸ਼ਨ ਸਰਵਿਸ ਹੁੰਦੀ ਹੈ, ਜਿਹੜੇ ਪੁਲਸ ਨਾਲੋਂ ਸੁਤੰਤਰ ਹਨ ਅਤੇ ਜੁਰਮ-ਸੰਬੰਧੀ ਦਲੀਲਾਂ ਦਾ ਸੰਚਾਲਨ ਕਰਦੇ ਹਨ।

ਅਦਾਲਤ ਦੀ ਪ੍ਰਕਿਰਆ ਦੇ ਕਈ ਪੈੜ ਹਨ।

## ਦਲੀਲ ਦਾ ਦਾਖਲਾ

ਪਹਿਲੀ ਅਦਾਲਤੀ ਹਾਜਰੀ ਤੇ, ਜਿਸ ਜੁਰਮ ਜਾਂ ਜੁਰਮਾਂ ਦੇ ਦੋਸ਼ ਵਿਚ ਤੁਹਾਨੂੰ ਫੜਿਆ ਗਿਆ ਹੈ ਉਸ ਦੇ ਸੰਬੰਧ ਵਿਚ ਤੁਹਾਨੂੰ ਦਲੀਲ ਦੇ ਦਾਖਲੇ ਵਾਸਤੇ ਕਿਹਾ ਜਾਵੇਗਾ। ਇਹ ਕਸੂਰਵਾਰ ਜਾਂ ਨਾ-ਕਸੂਰਵਾਰ ਹੋਵੇਗਾ।

ਜੇਕਰ ਤੁਹਾਡੀ ਦਲੀਲ ਕਸੂਰਵਾਰ ਹੈ ਤਾਂ ਅਦਾਲਤ ਫਿਰ ਤੁਹਾਨੂੰ ਸਜ਼ਾ ਸੁਣਾਵੇਗੀ।
(“ਸਜ਼ਾ “ ਵੇਖੋ )

ਜੇਕਰ ਤੁਸੀਂ ਨਾ-ਕਸੂਰਵਾਰ ਦੀ ਦਲੀਲ ਕਰਦੇ ਹੋ, ਤੁਹਾਡਾ ਮੁਕੱਦਮਾ ਇਸ ਤੋਂ ਅੱਗੇ ਨਹੀਂ ਵਧੇਗਾ, ਅਤੇ ਤੁਹਾਡੀ ਸੁਣਵਾਈ ਦੀ ਹੋਰ ਤਰੀਕ ਪੱਕੀ ਕੀਤੀ ਜਾਵੇਗੀ। ਅਦਾਲਤ ਇਹ ਵੀ ਨਿਸ਼ਚਿਤ ਕਰੇਗੀ ਕਿ ਜੱਦ ਤੱਕ ਤੁਸੀਂ ਆਪਣੀ ਆਜ਼ਮਾਇਸ਼ ਦਾ ਇੰਤਜ਼ਾਰ ਕਰਦੇ ਹੋ ਕੀ ਤੁਹਾਨੂੰ ਉਦੋਂ ਤੱਕ ਬੇਲ ਦਿਤੀ ਜਾਵੇ ਜਾਂ ਨਹੀਂ।



ਜੇਕਰ ਤੁਸੀਂ ਜੁਰਮ ਕੀਤਾ ਹੈ ਤਾਂ ਤੁਸੀਂ ਇਸ ਕਾਨੂੰਨੀ ਪ੍ਰਣਾਲੀ ਦੇ ਕਿਸੇ ਵੀ ਪੈੜ ਤੇ ਆਪਣਾ ਕਸੂਰ ਮੰਨ ਸਕਦੇ ਹੋ, ਪਰ ਜਿਨਾ ਪਹਿਲਾਂ ਤੁਸੀਂ ਇਹ ਕਰਦੇ ਹੋ, ਉਨ੍ਹਾਂ ਹੀ ਤੁਹਾਨੂੰ ਆਪਣੀ ਸਜਾ ਵਿਚ ਰਿਆਇਤ ਮਿਲਣਾ ਸੰਭਵ ਹੈ, ਅਤੇ ਜਿਨੀ ਜੱਲਦੀ ਦਲੀਲ, ਉਨੀ ਹੀ ਰਿਆਇਤ।

ਤੁਹਾਡਾ ਸਾਲਿਸਟਰ ਤੁਹਾਡਾ ਇਹ ਫ਼ੈਸਲਾ ਬਣਾਉਨ ਵਿਚ ਮਦਦ ਕਰ ਸਕਦਾ ਹੈ।

## ਆਜ਼ਮਾਇਸ਼

ਜੇਕਰ ਤੁਹਾਡੇ ਮੁਕੱਦਮੇ ਦੀ ਆਜ਼ਮਾਇਸ਼ ਹੋਣੀ ਹੈ, ਪੈਰਵੀ ਕਰਤਾ ਤੁਹਾਡੇ ਵਿਰੁਧ ਸਬੂਤ ਪੇਸ਼ ਕਰੇਗਾ। ਤੁਸੀਂ ਜਾਂ ਤੁਹਾਡਾ ਸਾਲਿਸਟਰ ਉਨ੍ਹਾਂ ਦੇ ਸਬੂਤ ਨੂੰ ਚੁਣੌਤੀ ਦੇ ਸਕਦਾ ਹੈ, ਅਤੇ ਆਪਣਾ ਸਬੂਤ ਪੇਸ਼ ਕਰ ਸਕਦੇ ਹੋ।

ਪੈਰਵੀ ਕਰਤਾ ਲਈ ਇਹ ਜਰੂਰੀ ਹੈ ਕਿ ਉਹ ਇਹ ਸਿੱਧ ਕਰੇ ਕਿ ਤੁਸੀਂ ਜੁਰਮ ਕੀਤਾ ਹੈ “ਕਿਸੇ ਵੀ ਵਾਜਬ ਸ਼ੰਕਾ ਦੇ ਬਾਵਜੂਦ”। ਜੇਕਰ ਉਹ ਇਹ ਕਰਨ ਵਿਚ ਸਫ਼ਲ ਹੋ ਜਾਂਦੇ ਹਨ ਤਾਂ ਤੁਹਾਨੂੰ ਕਸੂਰਵਾਰ ਕਰਾਰ ਦੇ ਦਿਤਾ ਜਾਵੇਗਾ, ਪਰ ਜੇ ਉਹ ਇਹ ਨਹੀਂ ਕਰ ਪਾਏ, ਤਾਂ ਤੁਹਾਨੂੰ ਨਾ-ਕਸੂਰਵਾਰ ਮੰਨ ਲਿਆ ਜਾਵੇਗਾ ਅਤੇ ਤੁਹਾਨੂੰ “ਬਰੀ” ਕਰ ਦਿਤਾ ਜਾਵੇਗਾ।

ਮੈਜਿਸਟ੍ਰੇਟ ਕੋਰਟ ਦੇ ਵਿਚ, ਮੈਜਿਸਟ੍ਰੇਟ ਜਾਂ ਜ਼ਿਲ੍ਹਾ ਜੱਜ ਇਸ ਦਾ ਫ਼ੈਸਲਾ ਕਰਦਾ ਹੈ ਸਾਰੇ ਸਬੂਤ ਦੇਖਣ ਅਤੇ ਸੁਣਨ ਤੋਂ ਬਾਦ।

ਕਰਾਊਨ ਕੋਰਟ ਵਿਚ ਜਿਊਰੀ ਇਸ ਦਾ ਫ਼ੈਸਲਾ ਕਰਦੀ ਹੈ। ਜਿਊਰੀ 12 ਵਿਅਕਤੀਆਂ ਦਾ ਸਮੂਹ ਹੁੰਦਾ ਹੈ ਜਿਹੜੇ “ਆਮ ਜਨਤਾ” ਦਾ ਨਿਰੂਪਣ ਕਰਦੇ ਹਨ। ਜੇਕਰ ਤੁਸੀਂ ਕਿਸੇ ਵੀ ਜਿਊਰਰ ਨੂੰ ਜਾਣਦੇ ਹੋ ਇਸ ਦੇ ਬਾਰੇ ਅਦਾਲਤ ਨੂੰ ਦੱਸੋ ਅਤੇ ਉਸ ਵਿਅਕਤੀ ਨੂੰ ਜਿਊਰੀ ਤੋਂ ਦਰਖਾਸਤ ਕਰ ਦਿਤਾ ਜਾਵੇਗਾ।

ਜੱਦ ਇਕ ਵਾਰੀ ਜਿਊਰੀ ਸਾਰਾ ਸਬੂਤ ਸੁਣ ਲੈਂਦੀ ਹੈ, ਉਹ ਸਾਰੇ ਇਕ ਗੁਪਤ ਕਮਰੇ ਵਿਚ ਜਾ ਕੇ ਸੋਚ ਵਿਚਾਰ ਕਰਦੇ ਹਨ ਜੱਦ ਤੱਕ ਉਹ ਸਾਰੇ ਸਹਿਮਤ ਨਹੀਂ ਹੁੰਦੇ। ਜੇਕਰ ਉਹ ਸਾਰੇ ਸਹਿਮਤ ਨਹੀਂ ਹੁੰਦੇ, ਜੱਜ ਜੇ ਚਾਹੇ ਤਾਂ “ਬਹੁਗਿਣਤੀ ਫ਼ੈਸਲਾ” ਸੁਣਾ ਸਕਦਾ ਪਰ ਇਸ ਵਾਸਤੇ ਘੱਟ ਤੋਂ ਘੱਟ 10 ਜਿਊਰੀ ਮੈਂਬਰਾਂ ਦੀ ਸਹਿਮਤੀ ਚਾਹੀਦੀ ਹੈ।

ਜਿਊਰੀ ਆਪਣੇ ਸਮੂਹ ਦੇ ਇਕ ਸਦਸ ਨੂੰ “ਫ਼ੋਰਮੈਨ” ਦੇ ਰੂਪ ਵਿਚ ਚੁਣੇਗੀ ਅਤੇ ਇਹ ਵਿਅਕਤੀ ਅਦਾਲਤ ਨੂੰ ਜਿਊਰੀ ਦਾ ਫ਼ੈਸਲਾ ਦੱਸੇਗਾ ਜਾਂ ਦੱਸੇਗੀ। ਇਸ ਨੂੰ ਅਦਾਲਤੀ ਫ਼ੈਸਲਾ ਕਿਹਾ ਜਾਂਦਾ ਹੈ। ਅਦਾਲਤੀ ਫ਼ੈਸਲਾ ਖੁਲੇ ਆਮ ਅਦਾਲਤ ਵਿਚ ਸੁਣਾਇਆ ਜਾਂਦਾ ਹੈ ਤਾਂ ਕਿ ਸਾਰੇ ਸੁਣ ਸਕਣ।

ਤੁਹਾਡੀ ਦਲੀਲ ਤੋਂ ਲੈ ਕੇ ਆਜ਼ਮਾਇਸ਼ ਦੇ ਖਤਮ ਹੋਣ ਤੱਕ ਸ਼ਾਇਦ ਕਿਨੀਆਂ ਹੀ ਸੁਣਵਾਈਆਂ ਹੋਣ, ਅਤੇ ਤੁਹਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਸਾਰਿਆਂ ਤੇ ਹਾਜ਼ਰ ਹੋਵੋ।

## ਸਜ਼ਾ

ਜੇਕਰ ਤੁਹਾਨੂੰ ਕਸੂਰਵਾਰ ਕਰਾਰ ਦੇ ਦਿਤਾ ਜਾਂਦਾ ਹੈ (ਤੁਹਾਡੇ ਤੇ ਲਾਇਆ ਦੋਸ਼ ਸਾਬਤ ਹੋ ਜਾਂਦਾ ਹੈ), ਤਾਂ ਤੁਹਾਨੂੰ ਜੇਲ੍ਹ, ਜੁਰਮਾਨਾ ਜਾਂ ਭਾਈਚਾਰੇ ਵਿਚ ਬਤਾਉਣ ਵਾਲੀ ਸਜ਼ਾ ਹੋ ਸਕਦੀ ਹੈ। ਇਹ ਜੱਦ ਤੁਸੀਂ ਦਲੀਲ ਕਰਦੇ ਹੋ ਉਦੋਂ ਜਾਂ ਫਿਰ ਜੱਦ ਤੁਹਾਨੂੰ ਕਸੂਰਵਾਰ ਕਰਾਰ ਦੇ ਦਿਤਾ ਜਾਂਦਾ ਉਦੋਂ ਹੋ ਸਕਦੀ ਹੈ, ਇਹ ਵੀ ਹੋ ਸਕਦਾ ਹੈ ਕਿ ਸਜ਼ਾ ਵਾਸਤੇ ਤੁਹਾਨੂੰ ਫਿਰ ਕਿਸੇ ਹੋਰ ਤਰੀਕ ਨੂੰ ਬੁਲਾਇਆ ਜਾਵੇ।

ਜੇਕਰ ਤੁਹਾਡਾ ਮੁਕੱਦਮਾ ਮੈਜਿਸਟ੍ਰੇਟ ਕੋਰਟ ਦੇ ਵਿਚ ਸੁਣਿਆ ਗਿਆ ਹੈ, ਤੁਹਾਨੂੰ ਸ਼ਾਇਦ ਕਰਾਉਨ ਕੋਰਟ ਦੇ ਵਿਚ ਸਜ਼ਾ ਵਾਸਤੇ ਭੇਜਿਆ ਜਾਵੇ।

ਅਦਾਲਤ ਸਜ਼ਾ ਸੁਣਾਉਣ ਤੋਂ ਪਹਿਲਾਂ ਹਮੇਸ਼ਾਂ ਪਰਿ ਸੈਂਟੰਸ ਰਪੋਰਟ ਦਾ ਆਦੇਸ਼ ਦਿੰਦੀ ਹੈ, ਇਹ ਉਨ੍ਹਾਂ ਦੀ ਮਦਦ ਇਹ ਨਿਸ਼ਚਤ ਕਰਨ ਵਿਚ ਕਰਦੀ ਹੈ ਕਿ ਤੁਹਾਡੇ ਲਈ ਕੀ ਸਜ਼ਾ ਵਾਜਬ ਹੈ। ਇਹ ਦਾ ਤਿੰਨ ਹਫ਼ਤਿਆਂ ਤੱਕ ਦਾ ਟਾਈਮ ਲੱਗ ਸਕਦਾ ਹੈ ਅਤੇ ਇਹ ਉਹ ਪਰੋਬੇਸ਼ਨ ਅਫ਼ਸਰ ਬਣਾਉਦਾ ਹੈ ਜਿਹੜਾ ਤੁਹਾਡੇ ਨਾਲ ਮਿਲਣ ਅਤੇ ਇਸ ਗੱਲ ਦਾ ਨਿਰਧਾਰਨ ਕਰਨ ਆਵੇਗਾ ਕਿ ਤੁਹਾਡੀਆਂ ਕੀ ਲੋੜਾਂ ਹਨ। ਇਹ ਤੁਹਾਡੇ ਹਿਤ ਵਿਚ ਹੈ ਕਿ ਇਸ ਰਪੋਰਟ ਵਿਚ ਆਪਣਾ ਸਹਿਯੋਗ ਦਵੋ।

ਤੁਹਾਡਾ ਸਾਲਿਸਟਰ ਤੁਹਾਨੂੰ ਸੁਣਾਈ ਸਜ਼ਾ ਅਤੇ ਜੁਰਮ ਦੇ ਵਿਰੁਧ ਜਾਇਜ਼ ਅਪੀਲ ਕਰਨ ਬਾਰੇ ਵੀ ਸਲਾਹ ਦੇ ਸਕਦਾ ਹੈ।

**ਅਦਾਲਤ ਦੀ ਕਾਰਜ-ਵਿਧੀ ਬਹੁਤ ਹੀ ਲੰਬੀ ਅਤੇ ਗੁੰਝਲਦਾਰ ਹੈ। ਆਪਣੇ ਅਤੇ ਬਾਕੀ ਸਾਰਿਆਂ ਲਈ ਸਰਲ ਬਣਾਉਣ ਲਈ ਤਸੀਂ:**

- **ਸਲਾਹ ਵਾਸਤੇ ਕਿਸੇ ਸਾਲਿਸਟਰ ਨੂੰ ਜਲਦੀ ਤੋਂ ਜਲਦੀ ਮਿਲੋ ; ਅਤੇ**
- **ਹਮੇਸ਼ਾਂ ਪੱਕਾ ਕਰੋ ਕਿ ਅਦਾਲਤ ਵਿਚ ਪਹੁੰਚੋ।**



# 09 ਵਧੇਰੇ ਜਾਣਕਾਰੀ



## ਸਾਲਿਸਟਰ ਦੀ ਭਾਲ

ਆਪਣੇ ਇਲਾਕੇ ਦੇ ਵਿਚ ਸਾਲਿਸਟਰਾਂ ਦੇ ਵੇਰਵੇ ਵਾਸਤੇ, ਤੁਸੀਂ ;

- ਲੀਗਲ ਸਰਵਿਸਸ ਕਮਿਸ਼ਨ ਨੂੰ 0845 608 1122 ਤੇ ਫ਼ੂਨ ਕਰ ਸਕਦੇ ਹੋ;
- ਆਪਣੇ ਸਥਾਨਕ ਸਿਟੀਜ਼ਨ ਅਡਵਾਇਸ ਬਿਉਰੋ ਨਾਲ ਸੰਪਰਕ ਕਰੋ;
- ਕਮਉਨਟੀ ਲੀਗਲ ਸਰਵਿਸਸ ਦੀ ਡਾਇਰੈਕਟਰੀ ਵਿਚ ਵੇਖੋ ਜਾਂ ਸਾਲਿਸਟਰ ਅਤੇ ਬੈਰਿਸਟਰਾਂ ਦੀ ਡਾਇਰੈਕਟਰੀ ਵੇਖੋ ਜਿਹੜੀ ਤੁਹਾਡੀ ਸਥਾਨਕ ਲਾਇਬ੍ਰੇਰੀ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ ; ਜਾਂ
- www.justask.org.uk ਨੂੰ ਵੇਖੋ

## ਨੌਜਵਾਨਾਂ ਵਾਸਤੇ ਜਾਣਕਾਰੀ

ਤੁਸੀਂ ਜੇਕਰ ਚਾਹੋ ਤਾਂ ਨੌਜਵਾਨ ਵਿਅਕਤੀਆਂ ਦੇ ਨਾਲ ਜੁੜੇ ਜੁਰਮ-ਸਬੰਧੀ ਇਨਸਾਫ਼ ਬਾਰੇ ਆਨ-ਲਾਈਨ ਗਾਈਡ ਵੀ ਵੇਖ ਸਕਦੇ ਹੋ www.rizer.co.uk

## ਸਾਧਾਰਨ

ਆਪਣੇ ਹੱਕਾਂ ਅਤੇ ਜਿਮੇਵਾਰੀਆਂ ਉਪਰ ਵਧੇਰੇ ਜਾਣਕਾਰੀ ਵਾਸਤੇ, ਅਤੇ ਜੁਰਮ–ਸਬੰਧੀ ਇਨਸਾਫ਼ ਦੀ ਪ੍ਰਣਾਲੀ ਤੋਂ ਤੁਸੀ ਕੀ ਉਮੀਦ ਕਰ ਸਕਦੇ ਹੋ, www.cjsonline.org.uk/citizen ਨੂੰ ਵੇਖੋ।

ਇਸ ਵਿਚ ਅਦਾਲਤ ਦਾ "ਵਾਸਤਵਿਕ" ਮੁਆਇਨਾ ਹੈ ਅਤੇ ਇਸ ਦੇ ਨਾਲ ਨਾਲ ਪੁੱਛ–ਗਿੱਛ ਤੋਂ ਲੈ ਕੇ ਜੇਲ੍ਹ ਜਾਣ ਤੱਕ ਦੀ ਸਾਰੀ ਜਾਣਕਾਰੀ ਹੈ।

ਜੇਕਰ ਤੁਹਾਡੇ ਕੋਲ ਇੰਟਰਨੈਟ ਤੱਕ ਪਹੁੰਚ ਨਹੀਂ ਹੈ, ਤੁਸੀਂ ਇਸ ਵਾਸਤੇ ਆਪਣੀ ਸਥਾਨਕ ਲਾਇਬ੍ਰੇਰੀ ਜਾ ਇੰਟਰਨੈਟ ਕੈਫ਼ੇ ਵਿਚ ਜਾ ਸਕਦੇ ਹੋ।

ਤੁਸੀਂ ਇਹ ਜਾਣਕਾਰੀ ਆਪਣੇ ਸਥਾਨਕ ਲੀਗਲ ਅਡਵਾਇਸ ਸੈਂਟਰ ਜਾਂ ਸਿਟੀਜ਼ਨ ਅਡਵਾਇਸ ਬਿਉਰੋ ਤੋਂ ਵੀ ਪ੍ਰਾਪਤ ਕਰ ਸਕਦੇ ਹੋ।



# 10 ਅਪਾਇੰਟਮੰਟ ਡਾਇਰੀ

## ਅਪਾਇੰਟਮੰਟਾਂ ਅਤੇ ਅਦਾਲਤ ਵਿਚ ਹਾਜਰੀਆਂ

ਸਾਲਿਸਟਰ ਦੀਆਂ ਅਪਾਇੰਟਮੰਟਾਂ ਅਤੇ ਅਦਾਲਤ ਵਿਚ ਹਾਜਰੀਆਂ ਦੇ ਵੇਰਵੇ ਬਾਰੇ ਇਸ ਜਗ੍ਹਾ ਨੂੰ ਵਰਤੋ।

| ਤਰੀਖ ਅਤੇ ਵੱਕਤ | ਵੇਰਵਾ |
|---|---|
| | |
| | |
| | |
| | |
| | |
| | |
| | |
| | |
| | |

# 11 ਸੰਪਰਕ ਕਰਨ ਦਾ ਵੇਰਵਾ

## ਉਪਯੋਗੀ ਸੰਪਰਕ

ਤੁਹਾਡੇ ਮੁਕੱਦਮੇ ਵਿਚ ਕੰਮ ਆਉਣ ਵਾਲੇ ਨਾਂ ਅਤੇ ਫ਼ੂਨ ਨੰਬਰਾਂ ਦੇ ਵੇਰਵੇ ਬਾਰੇ ਇਸ ਜਗ੍ਹਾ ਨੂੰ ਵਰਤੋ।

| ਨਾਂ | ਸੰਪਰਕ ਕਰਨ ਦਾ ਵੇਰਵਾ |
|---|---|
| ਸਾਲਿਸਟਰ | |
| ਪੁਲਸ ਸਟੇਸ਼ਨ | |
| ਮੁਕੱਦਮੇ ਨਾਲ ਜੁੜੇ ਪੁਲਸ ਅਫ਼ਸਰ | |
| ਅਦਾਲਤ | |
| | |
| | |
| | |
| | |
| | |